# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

**ਕੰਟਰੋਲਰ (ਪ੍ਰੀਖਿਆਵਾਂ) ਦਫਤਰ**

ਨੰ. 24067 /ਸੀ.ਓ.ਈ.

ਮਿਤੀ 11/11/2024

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚੁਐਂਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,

**ਵਿਸ਼ਾ:-NEP ਅਧੀਨ ਅਤੇ NEP ਦੀ ਤਰਜ਼ ਤੇ ਸ਼ੁਰੂ ਕੀਤੇ ਕੋਰਸਾਂ ਦੇ 02 ਕਰੈਡਿਟ ਵਾਲੇ ਪੇਪਰਾਂ ਬਾਰੇ ਸਪੱਸ਼ਟੀਕਰਨ।**

ਯੂਨੀਵਰਸਿਟੀ ਵਲੋਂ **NEP ਅਧੀਨ ਅਤੇ NEP ਦੀ ਤਰਜ਼** ਤੇ ਸ਼ੁਰੂ ਕੀਤੇ ਕੋਰਸਾਂ ਦੇ ਦੋ ਕਰੈਡਿਟ ਦੀ ਡੇਟਸ਼ੀਟ ਪਹਿਲਾਂ ਤੋਂ ਜਾਰੀ ਕਰ ਦਿੱਤੀ ਗਈ ਹੈ। ਡੇਟ-ਸ਼ੀਟ ਨਾਲ ਨੱਥੀ ਕੀਤੀਆਂ ਗਈਆਂ ਹਦਾਇਤਾਂ (SOP) ਵਿੱਚ ਇਹ ਵੀ ਸਪਸ਼ਟ ਹੈ ਕਿ ਇਨ੍ਹਾਂ ਪੇਪਰਾਂ ਦੀ ਪੁਨਰ-ਮੁਲਾਂਕਣ ਅਤੇ ਰੀ-ਚੈਕਿੰਗ ਦੀ ਕੋਈ ਵਿਵਸਥਾ ਨਹੀਂ ਹੈ। ਪ੍ਰੰਤੂ ਜੇਕਰ ਵਿਦਿਆਰਥੀ ਇਨਾਂ ਪੇਪਰਾਂ ਵਿੱਚ ਫੇਲ੍ਹ ਹੁੰਦਾ ਹੈ ਜਾਂ ਗੈਰ-ਹਾਜ਼ਰ ਹੁੰਦਾ ਹੈ ਤਾਂ ਉਸ ਵਿਦਿਆਰਥੀ ਦੀ ਉਸ ਵਿਸ਼ੇ ਵਿੱਚ ਰੀ-ਅਪੀਅਰ ਮੰਨੀ ਜਾਵੇਗੀ ਅਤੇ ਜੇਕਰ ਪਹਿਲਾਂ ਤੋਂ ਯੂਨੀਵਰਸਿਟੀ ਵੱਲੋਂ ਜਾਰੀ ਨਿਯਮਾਂ ਅਨੁਸਾਰ ਰੀ-ਅਪੀਅਰ ਦਾ ਪੇਪਰ ਅਗਲੇ ਸਾਲ ਦੇਣਾ ਹੋਵੇਗਾ। ਉਸ ਵਿਦਿਆਰਥੀ ਉੱਪਰ ਰੀ-ਅਪੀਅਰ ਫਾਰਮ ਭਰਨ ਦੀ ਅਤੇ ਬਣਦੀ ਫੀਸ ਭਰਨ ਦੀ ਸ਼ਰਤ ਲਾਗੂ ਰਹੇਗੀ।

NEP ਦੀ ਤਰਜ਼ ਸੋਧੇ ਹੋਏ **BBA ਕੋਰਸ ਵਿੱਚ 2 ਕਰੈਡਿਟ** ਤੇ ਚਾਰ ਵਿਸ਼ਿਆਂ ਵਿੱਚ ਦੋ ਵਿਸ਼ੇ **ਸੈਮੀਨਾਰ ਅਤੇ ਵਰਕਸ਼ਾਪ** ਨਾਲ ਸਬੰਧਿਤ ਹਨ, ਜਿਹੜੇ ਕਿ ਪਹਿਲਾਂ ਤੋਂ ਹੀ ਇੰਟਰਨਲ ਵਿਸ਼ੇ ਹਨ। ਤੀਜਾ ਵਿਸ਼ਾ ਅੰਗਰੇਜੀ ਦੋ ਕਰੈਡਿਟ ਹੋਣ ਦੇ ਬਾਵਜੂਦ ਵੀ ਕੁੱਲ 100 ਨੰਬਰ ਦਾ ਹੈ ਅਤੇ ਇਸ ਦੇ ਸਿਲੇਬਸ ਮੁਤਾਬਿਕ ਇਸ ਦਾ ਪੇਪਰ ਤਿੰਨ ਘੰਟੇ ਦਾ ਹੈ। ਸੋ ਇਹ ਪੇਪਰ ਯੂਨੀਵਰਸਿਟੀ ਦੀ ਮੇਨ ਡੇਟ-ਸ਼ੀਟ ਰਾਹੀਂ ਕਰਵਾਇਆ ਜਾਵੇਗਾ, ਕਿਉਂ ਜੋ 19 ਨਵੰਬਰ, 2024 ਤੋਂ ਜਾਰੀ ਕੀਤੀ ਡੇਟ-ਸ਼ੀਟ ਦੇ ਸਾਰੇ ਪੇਪਰ ਦੋ ਕਰੈਡਿਟ ਦੇ ਹੋਣ ਦੇ ਨਾਲ-ਨਾਲ ਇੱਕ ਘੰਟਾ 30 ਮਿੰਟ ਦੇ ਹੀ ਹਨ।

ਉਪਰੋਕਤ ਦੀ ਲੋਅ ਵਿੱਚ 19 ਨਵੰਬਰ, 2024 ਤੋਂ ਸ਼ੁਰੂ ਹੋਣ ਵਾਲੇ ਪੇਪਰਾਂ ਦੀ ਡੇਟ-ਸ਼ੀਟ ਵਿੱਚ **BBA** (NEP ਤੋਂ ਬਿਨਾਂ ਵਾਲਾ ਸੋਧਿਆ ਹੋਇਆ ਕੋਰਸ) ਦਾ ਇੱਕ ਪੇਪਰ VAC ਨਾਲ ਸਬੰਧਿਤ ਵਿਸ਼ੇ ਦਾ ਹੀ ਕਾਲਜ ਵਲੋਂ ਆਪਣੇ ਪੱਧਰ ਤੇ ਕਰਵਾਇਆ ਜਾਣਾ ਹੈ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ **BBA** ਸਮੈਸਟਰ ਪਹਿਲਾ ਦਾ ਪੰਜਾਬੀ ਵਿਸ਼ੇ ਦਾ ਪੇਪਰ ਵੀ NEP ਅਧੀਨ ਆਉਂਦੇ ਅਤੇ NEP ਦੀ ਤਰਜ਼ ਤੇ ਆਉਂਦੇ ਕੋਰਸ ਦੇ ਪੇਪਰ ਦੇ ਨਾਲ ਹੀ ਯੂਨੀਵਰਸਿਟੀ ਵਲੋਂ ਜਾਰੀ ਡੇਟ-ਸ਼ੀਟ ਅਨੁਸਾਰ ਹੀ ਕਰਵਾਇਆ ਜਾਵੇਗਾ।

B S Singh 11/11/2024

**ਵਧੀਕ ਕੰਟਰੋਲਰ (ਪ੍ਰੀਖਿਆਵਾਂ)**

Scanned with CamScan